# ਪ੍ਰੈਸ ਨੋਟ

ਸ੍ਰੀ ਸਤਿਦਰ ਸਿੰਘ, ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਦੀ ਰਹਿਨੁਮਾਈ ਹੇਠ ਸ਼੍ਰੀ ਜਗਜੀਤ ਸਿੰਘ ਸਰੋਆ,ਐਸ.ਪੀ/ਤਫਤੀਸ਼,ਕਪੂਰਥਲਾ ਅਤੇ ਸ਼੍ਰੀ ਤੇਜਬੀਰ ਸਿੰਘ, ਡੀ.ਐਸ.ਪੀ (ਸਬ-ਡਵੀ:) ਸੁਲਤਾਨਪੁਰ ਲੋਧੀ ਦੇ ਦਿਸ਼ਾ ਨਿਰਦੇਸ਼ ਤੇ ਥਾਣਾ ਫੱਤੂਢੀਂਗਾ ਦੀ ਪੁਲੀਸ ਵੱਲੋਂ ਲੁੱਟਾਂ-ਖੋਹਾਂ ਕਰਨ ਵਾਲੇ ਅਤੇ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਇੱਕ ਵੱਡੇ ਗਰੋਹ ਨੂੰ ਗ੍ਰਿਫਤਾਰ ਕਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ।

ਇਹ ਜਾਣਕਾਰੀ ਦਿੰਦੇ ਹੋਏ ਸ਼੍ਰੀ ਸਤਿੰਦਰ ਸਿੰਘ,ਸੀਨੀਅਰ ਪੁਲਿਸ ਕਪਤਾਨ,ਕਪੂਰਥਲਾ ਨੇ ਪ੍ਰੈਸ ਨੂੰ ਦੱਸਿਆ ਕਿ ਐਸ.ਪੀ/ਤਫਤੀਸ਼ ਕਪੂਰਥਲਾ ਅਤੇ ਸ਼੍ਰੀ ਤੇਜਬੀਰ ਸਿੰਘ,ਡੀ.ਐਸ.ਪੀ (ਸਬ-ਡਵੀ) ਸੁਲਤਾਨਪੁਰ ਲੋਧੀ ਦੇ ਦਿਸ਼ਾ ਨਿਰਦੇਸ਼ ਪਰ ਐਸ.ਆਈ.ਜਰਨੈਲ ਸਿੰਘ, ਮੁੱਖ ਅਫਸਰ ਥਾਣਾ ਫੱਤੂਢੀਂਗਾ ਨੇ ਸਮੇਤ ਪੁਲੀਸ ਪਾਰਟੀ,ਜਿਸ ਵਿੱਚ ਏ.ਐਸ.ਆਈ ਜਸਬੀਰ ਸਿੰਘ, ਏ.ਐਸ.ਆਈ.ਦਲਵਿੰਦਰਬੀਰ ਸਿੰਘ ਅਤੇ ਹੋਰ ਕਰਮਚਾਰੀਆਂ ਗਸ਼ਤ ਦੇ ਸਬੰਧ ਵਿੱਚ ਬੱਸ ਅੱਡਾ ਖੀਰਾਂਵਾਲੀ ਮੌਜੂਦ ਸੀ। ਜਿੱਥੇ ਪੁਲੀਸ ਪਾਰਟੀ ਨੂੰ ਇਤਲਾਹ ਮਿਲੀ ਕਿ ਇੱਕ ਲੁੱਟਾਂ-ਖੋਹਾਂ ਕਰਨ ਵਾਲਾ ਗੈਂਗ,ਜਿਸ ਵਿੱਚ ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਸੁਖਜਿੰਦਰ ਸਿੰਘ ਵਾਸੀ ਪ੍ਰਵੇਜ਼ ਨਗਰ ਥਾਣਾ ਫੱਤੂਢੀਂਗਾ,ਸੁਖਵਿੰਦਰ ਸਿੰਘ ਉਰਫ ਜੁਗਨੂੰ ਪੁੱਤਰ ਲਖਵਿੰਦਰ ਸਿੰਘ ਵਾਸੀ ਨੱਥੂਪੁਰ ਥਾਣਾ ਤਲਵੰਡੀ ਚੋਧਰੀਆ,ਲਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਨੱਥੂਪੁਰ ਥਾਣਾ ਤਲਵੰਡੀ ਚੋਧਰੀਆ,ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਮੈਰਵਾਲਾ ਥਾਣਾ ਤਲਵੰਡੀ ਚੋਧਰੀਆ,ਰਿਆਸਤ ਅਲੀ ਪੁੱਤਰ ਰਮਜਾਨ ਅਲੀ ਵਾਸੀ ਸੁਰਖਾ,ਨਰਿੰਦਰਪਾਲ ਸਿੰਘ ਉਰਫ ਨੰਦੂ ਪੁੱਤਰ ਬਖਸ਼ਿੰਦਰ ਸਿੰਘ ਵਾਸੀ ਅਮ੍ਰਿਤਪੁਰ ਥਾਣਾ ਤਲਵੰਡੀ ਚੋਧਰੀਆ ਅਤੇ ਅਮਰਜੀਤ ਸਿੰਘ ਉਰਫ ਪੱਪੂ ਪੁੱਤਰ ਗੁਰਮੁੱਖ ਸਿੰਘ ਵਾਸੀ ਲਹੋਰੀ ਗੇਟ ਕਪੂਰਥਲਾ ਥਾਣਾ ਸਿਟੀ ਕਪੂਰਥਲਾ,ਜੋ ਅਸਲੇ ਦੀ ਨੋਕ ਤੇ ਲੁੱਟਾਂ-ਖੋਹਾਂ ਕਰਦੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਨਸ਼ੀਲੇ ਪਦਾਰਥ ਵੇਚਣ ਦਾ ਧੰਦਾ ਕਰਦੇ ਆ ਰਹੇ ਹਨ। ਇਹਨਾਂ ਵਿੱਚੋਂ ਅਰਸ਼ਦੀਪ ਸਿੰਘ ਉਰਫ ਅਰਸ਼, ਸੁਖਵਿੰਦਰ ਸਿੰਘ ਉਰਫ ਜੁਗਨੂੰ,ਲਖਵਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਉਰਫ ਮਨੀ ਸਮੇਤ 02 ਹੋਰ ਨਵੇਂ ਗੈਂਗ ਮੈਂਬਰ ਸ਼ਾਮਿਲ ਹੋਏ ਹਨ। ਜਿਨਾਂ ਕੋਲ 02 ਮੋਟਰਸਾਈਕਲ ਅਤੇ ਇੱਕ ਸਕੂਟਰੀ ਹੈ,ਜੋ ਇਸ ਵਕਤ ਬੇਅਬਾਦ ਭੱਠਾ ਝੁੱਗੀਆਂ ਗੁਲਾਮ ਵਿਖੇ ਬੈਠ ਕੇ ਪੈਟਰੌਲ ਪੰਪ ਅਤੇ ਸ਼ਰਾਬ ਦਾ ਠੇਕਾ ਲੁੱਟਣ ਦੀ ਸਕਮਿ ਬਣਾ ਰਹੇ ਹਨ। ਜਿਨ੍ਹਾਂ ਦੇ ਪਾਸ ਨਸ਼ੀਲਾ ਪਦਾਰਥ ਵੀ ਹੈ,ਜੋ ਅੱਗੇ ਗਾਹਕਾਂ ਪਾਸ ਪਹੁੰਚਾਉਣ ਲਈ ਵੰਡ ਕਰ ਰਹੇ ਹਨ। ਜੇਕਰ ਹੁਣੇ ਰੇਡ ਕੀਤਾ ਜਾਵੇ,ਤਾਂ ਕਾਬੂ ਕੀਤੇ ਜਾ ਸਕਦੇ ਹਨ ਅਤੇ ਇਹਨਾਂ ਪਾਸੋਂ ਨਜਾਇਜ ਅਸਲਾ,ਮਾਰੂ ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦਾ ਜਖੀਰਾ ਬਰਾਮਦ ਹੋ ਸਕਦਾ ਹੈ। ਇਸ ਇਲਤਾਹ ਤੇ ਐਸ.ਆਈ ਜਰਨੈਲ ਸਿੰਘ, ਮੁੱਖ ਅਫਸਰ ਥਾਣਾ ਫੱਤੂਢੀਂਗਾ ਨੇ ਮੁ:ਨੰ: 78 ਮਿਤੀ 25-07-18 ਅ/ਧ 399/402 ਭ:ਦ: ਅਤੇ 22,29/61/85 ਐਨ.ਡੀ.ਪੀ.ਐਸ ਐਕਟ, 25/54/59 ਅਸਲਾ ਐਕਟ ਥਾਣਾ ਫੱਤੂਢੀਂਗਾ ਦਰਜ ਕਰਵਾ ਕੇ ਮੁਖਬਰ ਵੱਲੋਂ ਦੱਸੀ ਹੋਈ ਜਗ੍ਹਾ ਤੇ ਰੇਡ ਕੀਤਾ,ਤਾਂ ਮੌਕਾ ਹੇਠ ਲਿਖੇ 04 ਦੋਸ਼ੀਆਂ ਨੂੰ ਨਜਾਇਜ ਅਸਲਾ ਅਤੇ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਅਤੇ ਇਹਨਾਂ ਦੇ 02 ਦੋਸ਼ੀ ਜੋ ਭੱਜਣ ਵਿੱਚ ਕਾਮਯਾਬ ਹੋ ਗਏ:-

| ਲੜੀ ਨੰ: | ਗ੍ਰਿਫਤਾਰ ਕੀਤੇ ਗਏ ਦੋਸ਼ੀ | ਬਰਾਮਦਗੀ |
|---|---|---|
| 1. | ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਸੁਖਜਿੰਦਰ ਸਿੰਘ ਵਾਸੀ ਪ੍ਰਵੇਜ਼ ਨਗਰ ਥਾਣਾ ਫੱਤੂਢੀਂਗਾ | 21 ਨਸ਼ੀਲੇ ਟੀਕੇ,310 ਨਸ਼ੀਲੀਆਂ ਗੋਲੀਆਂ ਅਤੇ ਇੱਕ ਕ੍ਰਿਪਾਨ |
| 2. | ਸੁਖਵਿੰਦਰ ਸਿੰਘ ਉਰਫ ਜੁਗਨੂੰ ਪੁੱਤਰ ਲਖਵਿੰਦਰ ਸਿੰਘ ਵਾਸੀ ਨੱਥੂਪੁਰ ਥਾਣਾ ਤਲਵੰਡੀ ਚੋਧਰੀਆ | 23 ਨਸ਼ੀਲੇ ਟੀਕੇ,320 ਨਸ਼ੀਲੀਆ ਗੋਲੀਆਂ ਅਤੇ ਇੱਕ ਪਿਸਤੌਲ 315 ਬੋਰ ਸਮੇਤ 02 ਰੌਂਦ ਜਿੰਦਾ। |
| 3. | ਲਖਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਨੱਥੂਪੁਰ ਥਾਣਾ ਤਲਵੰਡੀ ਚੋਧਰੀਆ | 31 ਨਸ਼ੀਲੇ ਟੀਕੇ,280 ਨਸ਼ੀਲੀਆ ਗੋਲੀਆਂ, ਇੱਕ ਡੰਡਾ ਨਵਾਂ ਕਿਰਚ |
| 4. | ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰ ਕੁਲਵਿੰਦਰ ਸਿੰਘ ਵਾਸੀ ਮੈਰਵਾਲਾ ਥਾਣਾ ਤਲਵੰਡੀ ਚੋਧਰੀਆ | 02 ਨਸ਼ੀਲੇ ਟੀਕੇ,30 ਨਸ਼ੀਲੀਆਂ ਗੋਲੀਆਂ, ਇੱਕ ਦਾਤਰ। |

**<u>ਮੌਕਾ ਤੋਂ ਹੋਰ ਬਰਾਮਦਗੀ:-</u>**

1. ਇੱਕ ਮੋਟਰ ਸਾਈਕਲ YAMAHA FZ
2. ਇੱਕ ਮੋਟਰਸਾਈਕਲ R-15
3. ਇੱਕ ਸਕੂਟਰੀ ਮਾਰਕਾ ਸਜੂਕੀ ACCESS 125
4. ਇੱਕ ਜੋੜਾ ਵਾਲੀਆ ਸੋਨਾ

ਦੌਰਾਨੇ ਪੁੱਛਗਿੱਛ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਨੇ ਦੱਸਿਆ ਕਿ ਉਹਨਾਂ ਨੇ ਸੁਲਤਾਨਪੁਰ ਲੋਧੀ ਤੋਂ 94,000/-ਰੁਪਏ,ਕਪੂਰਥਲਾ ਤੋਂ 2,15,000/-ਰੁਪਏ, ਪਿੰਡ ਮੰਗੂਪੁਰ ਤੋਂ ਇੱਕ ਜੋੜਾ ਵਾਲੀਆਂ ਖੋਹੀਆਂ ਸਨ ਅਤੇ ਪਿੰਡ ਮੁਰਾਦਪੁਰ ਦਾ ਸ਼ਰਾਬ ਦਾ ਠੇਕਾ ਲੁੱਟਿਆ ਸੀ ਅਤੇ ਪਿੰਡ ਝੁੱਗੀਆਂ ਗੁਲਾਮ ਦੇ ਸ਼ਰਾਬ ਦੇ ਠੇਕੇ ਦੀ ਭੰਨਤੋੜ ਕੀਤੀ ਸੀ। ਇਸ ਦੌਰਾਨ ਦੋਸ਼ੀਆਂ ਨੇ ਹੇਠ ਲਿਖੇ ਮੁਕੱਦਮੇ ਟਰੇਸ ਹੋਏ ਹਨ ਅਤੇ ਹੋਰ ਵੀ ਪੁੱਛਗਿੱਛ ਜਾਰੀ ਹੈ,ਜਿਨ੍ਹਾਂ ਪਾਸੋਂ ਹੋਰ ਵੀ ਕਈ ਵਾਰਦਾਤਾਂ ਬਾਰੇ ਖੁਲਾਸੇ ਹੋਰ ਦੀ ਸੰਭਾਵਨਾ ਹੈ:-

**ਟਰੇਸ ਕੀਤੇ ਮੁਕਦਮੇ:-**

1. ਮੁਕੰਦਮਾ ਨੰਬਰ 210/18 ਅ/ਧ 379-B IPC ਥਾਣਾ ਸੁਲਤਾਨਪੁਰ ਲੋਧੀ
2. ਮੁਕੰਦਮਾ ਨੰਬਰ 123 ਮਿਤੀ 09-06-18 ਅ/ਧ 379-B IPC ਥਾਣਾ ਸਿਟੀ ਕਪੂਰਥਲਾ
3. ਮੁਕੰਦਮਾ ਨੰਬਰ 80 ਮਿਤੀ 22-07-18 ਅ/ਧ 354 IPC ਥਾਣਾ ਤਲਵੰਡੀ ਚੋਧਰੀਆ
4. ਮੁਕੰਦਮਾ ਨੰਬਰ 81 ਮਿਤੀ 24-07-18 ਅ/ਧ 379-B IPC ਥਾਣਾ ਤਲਵੰਡੀ ਚੋਧਰੀਆ
5. ਮੁਕੰਦਮਾ ਨੰਬਰ 11 ਮਿਤੀ 13-01-18 ਅ/ਧ 394 IPC ਥਾਣਾ ਫੱਤੂਢੀਗਾ
6. ਮੁਕੰਦਮਾ ਨੰਬਰ 17 ਮਿਤੀ 21-01-18 ਅ/ਧ 394,323,324,34 IPC ਥਾਣਾ ਫੱਤੂਢੀਗਾ
7. ਮੁਕੰਦਮਾ ਨੰਬਰ 67 ਮਿਤੀ 03-07-18 ਅ/ਧ 457,380 IPC ਵਾਧਾ ਜੁਰਮ 295 IPC ਥਾਣਾ ਫੱਤੂਢੀਗਾ



